ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ- 6 ਸ਼ਾਖਾ)

# ਦਫ਼ਤਰੀ ਹੁਕਮ

ਸਰਕਾਰ ਵੱਲੋਂ ਮੀਮੋ ਨੰ. 13/122-1ਸਿ6/60-64 ਮਿਤੀ 04.05.2022 ਰਾਹੀਂ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਡਬਲ ਸ਼ਿਫਟ ਕਰਨ ਸਬੰਧੀ ਹਦਾਇਤਾਂ/ਪਾਲਿਸੀ ਜਾਰੀ ਕੀਤੀ ਗਈ ਸੀ ਅਤੇ ਉਕਤ ਜਾਰੀ ਕੀਤੀ ਗਈ ਪਾਲਿਸੀ ਦੀ ਸਮਾਂ ਸਾਰਣੀ ਵਿੱਚ ਕੁਝ ਤਰੁੱਟੀਆਂ ਹੋਣ ਕਰਕੇ ਵਿਭਾਗ ਵੱਲੋਂ ਪੱਤਰ ਨੰ. SED-EDU6013/3/2022-1EDU6/408125/1-5 ਮਿਤੀ 11.08.2022 ਰਾਹੀਂ ਮੁੜ ਅੰਸ਼ਿਕ ਸੋਧ ਕਰਕੇ ਪਾਲਿਸੀ ਜਾਰੀ ਕੀਤੀ ਅਨੁਸਾਰ ਹੈ।

2. ਸਰਕਾਰ ਵੱਲੋਂ ਵਿਦਿਆਰਥੀਆ ਦੀ ਪੜ੍ਹਾਈ ਅਤੇ ਬਿਹਤਰ ਪ੍ਰਬੰਧਕੀ ਕੁਸ਼ਲਤਾ ਨੂੰ ਮੁੱਖ ਰੱਖਦੇ ਹੋਏ ਡਬਲ ਸ਼ਿਫਟ ਕੀਤੇ ਸਕੂਲਾਂ ਦੇ ਮੁੱਖੀਆਂ ਅਤੇ ਨਾਨ-ਟੀਚਿੰਗ ਸਟਾਫ ਲਈ ਸਮਾਂ-ਸਾਰਣੀ ਅਤੇ ਹੋਰ ਹਦਾਇਤਾਂ ਹੇਠ ਲਿਖੇ ਅਨੁਸਾਰ ਜਾਰੀ ਕੀਤੀਆਂ ਜਾਂਦੀਆਂ ਹਨ:-

| ਲੜੀ ਨੰ. | ਮਿਤੀ | ਸਮਾਂ |
|---|---|---|
| 1 | 1 ਅਪ੍ਰੈਲ ਤੋਂ 30 ਸਤੰਬਰ | ਸਵੇਰੇ 9.00 ਵਜੇ ਤੋਂ 5.00 ਵਜੇ ਤੱਕ |
| 2 | 1 ਅਕਤੂਬਰ ਤੋਂ 31 ਮਾਰਚ | ਸਵੇਰੇ 9.00 ਵਜੇ ਤੋਂ 5.00 ਵਜੇ ਤੱਕ |

ੳ) ਸਕੂਲ ਮੁੱਖੀ ਹੀ ਦੋਵਾਂ ਸ਼ਿਫਟਾਂ ਦੇ ਓਵਰਆਲ ਇਨਚਾਰਜ ਦੇ ਤੌਰ ਤੇ ਕੰਮ ਕਰਨਗੇ।

ਅ) ਸਕੂਲ ਮੁੱਖੀ ਦੇ ਸਕੂਲ ਆਉਣ ਤੋਂ ਪਹਿਲਾਂ ਅਤੇ ਜਾਣ ਦੇ ਸਮੇਂ ਤੋਂ ਬਾਅਦ ਸਬੰਧਤ ਸ਼ਿਫਟ ਦਾ ਸੀਨੀਅਰ ਅਧਿਆਪਕ ਸਿਰਫ਼ ਉਨੇ ਸਮੇਂ ਵਾਸਤੇ ਇਨਚਾਰਜ ਹੋਵੇਗਾ।

3. ਇਹ ਪੱਤਰ ਮਾਨਯੋਗ ਸਿੱਖਿਆ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

4. ਇਹ ਹੁਕਮ ਤੁਰੰਤ ਪ੍ਰਭਾਵ ਤੋਂ ਲਾਗੂ ਹੋਣਗੇ।

ਮਿਤੀ,ਚੰਡੀਗੜ੍ਹ
**12.12.2023**

**ਕਮਲ ਕਿਸ਼ੋਰ ਯਾਦਵ, ਆਈ.ਏ.ਐਸ**
**ਸਕੱਤਰ, ਸਕੂਲ ਸਿੱਖਿਆ, ਵਿਭਾਗ**

**ਪਿੱ.ਅੰ:ਨੰ:** **SED-EDU6011/197/2023-1EDU6**/745240 **ਮਿਤੀ, ਚੰਡੀਗੜ੍ਹ:** 19.12.23

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ।
2) ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ।
3) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ/ਐਲੀਮੈਂਟਰੀ) ਵੈਬ-ਸਾਈਟ ਰਾਹੀਂ।

**ਸੁਪਰਡੰਟ**